# ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ॥

## ਭਾਗ-1

ਕਿਸੇ ਚੀਜ਼ ਦੇ ਵਿਕਾਸ ਦੀ ਹਰਕਤ ਯਾ ਚਾਲ ਨੂੰ 'ਜੀਵਨ ਰੌਂ' ਆਖਿਆ ਜਾਂਦਾ ਹੈ । ਸੂਰਜ ਦੀ ਰੋਸ਼ਨੀ ਦੇ ਵਿਕਾਸ ਲਈ. ਕਿਰਨਾਂ ਦੀ ਚਾਲ ਨੂੰ 'ਧੁਪ' ਯਾ ਸੂਰਜ ਦੀ ਜੀਵਨ-ਰੌਂ ਕਿਹਾ ਜਾ ਸਕਦਾ ਹੈ ।

ਏਸੇ ਤਰ੍ਹਾਂ ਅਕਾਲ ਪੁਰਖ ਦੇ 'ਕਵਾਉ' ਦੁਆਰਾ, ਸੰਸਾਰ ਵਿਚ ਇਲਾਹੀ ਜੋਤ ਦੇ ਵਿਕਾਸ ਦੀ ਹਰਕਤ ਯਾ ਪ੍ਰਕਾਸ਼ ਨੂੰ 'ਜੀਵਨ-ਰੌਂ', 'ਸਬਦ', 'ਨਾਮ' ਕਿਹਾ ਗਿਆ ਹੈ, ਜੋ ਇਲਾਹੀ 'ਹੁਕਮ' ਦੁਆਰਾ ਪ੍ਰਕਾਸ਼ਤ ਹੈ ।

ਬਿਜਲੀ ਦੀ ਕਰੰਟ ਕਈ ਕਿਸਮ ਦੇ ਜੰਤਰਾਂ ਵਿਚ ਕੰਮ ਕਰਦੀ ਹੈ, ਜਿਵੇਂ ਬਲਬ, ਪੱਖਾ, ਟਿਊਬ, ਪ੍ਰੈਸ ਆਦਿ, ਪਰ ਹਰ ਇਕ ਜੰਤਰ ਦੀ ਬਨਾਵਟ ਅਨੁਸਾਰ ਹੀ, ਉਸ ਕਰੰਟ ਦਾ ਭਿੰਨ-ਭਿੰਨ ਪ੍ਰਗਟਾਵਾ ਹੁੰਦਾ ਹੈ ।

ਏਸੇ ਤਰ੍ਹਾਂ ਇਲਾਹੀ ਜੀਵਨ-ਰੌਂ, 'ਸਬਦ', 'ਨਾਮ', 'ਸਰਬ-ਰਹਿਆ ਭਰਪੂਰ' ਹੈ ਅਤੇ ਹਰ ਇਕ ਜੀਵ ਦੀ ਬਨਾਵਟ ਅਨੁਸਾਰ ਇਸ ' ਜੀਵਨ-ਰੌਂ ' ਦਾ ਪ੍ਰਗਟਾਵਾ ਹੁੰਦਾ ਹੈ । ਇਕੋ ਇਲਾਹੀ ਜੋਤ ਅਥਵਾ 'ਜੀਵਨ-ਰੌਂ' ਹੀ, ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ ਕੰਮ ਕਰਦੀ ਹੈ ਅਤੇ ਹਰ ਇਕ ਜ਼ੱਰੇ ਦਾ —

ਜੀਵਨ ਪ੍ਰਕਾਸ਼ ਹੈ
ਜੀਵਨ ਪ੍ਰਤੀਕ ਹੈ
ਜੀਵਨ ਆਧਾਰ ਹੈ
ਜੀਵਨ ਪਦਵੀ ਹੈ
ਜੀਵਨ-ਰੂਪ ਹੈ
ਜੀਅ-ਦਾਨ ਹੈ
ਜੀਵਨ ਹੈ

ਅਤੇ ਜੀਵਾਂ ਦੇ ਭਿੰਨ-ਭਿੰਨ —

ਮੰਡਲਾਂ
ਜੂਨਾਂ
ਕਿਸਮਾਂ
ਰੰਗਾਂ
ਰੇਖਾਂ
ਦੇਸ਼ਾਂ
ਕੌਮਾਂ
ਖਿਆਲਾਂ
ਕਰਮਾਂ

ਅਨੁਸਾਰ ਉਹਨਾਂ ਦੇ 'ਜੀਵਨ' ਦਾ ਪ੍ਰਗਟਾਵਾ ਹੁੰਦਾ ਹੈ ।

ਦੂਜੇ ਲਫ਼ਜ਼ਾਂ ਵਿਚ 'ਜੀਵਨ ਰੌਂ' ਦੇ ਪ੍ਰਕਾਸ਼ ਅਤੇ ਪ੍ਰਗਟਾਵੇ ਨੂੰ ਹੀ 'ਜੀਵਨ' ਕਿਹਾ ਗਿਆ ਹੈ, ਅਤੇ 'ਜੀਵਨ' ਹੀ, ਉਸ 'ਜੀਵਨ-ਰੌਂ', 'ਸਬਦ', 'ਨਾਮ' ਦਾ ਪ੍ਰਕਾਸ਼ ਅਤੇ ਪ੍ਰਤੀਕ ਹੈ ।

ਉਦਾਹਰਨ ਦੇ ਤੌਰ ਤੇ —

1. ਬੂਟੇ ਦਾ ਉਗਣਾ, ਵੱਧਣਾ, ਫੁੱਲਣਾ, ਫਲ-ਫੁਲ ਲਗਣੇ ਅਤੇ ਅੰਤ ਨੂੰ ਨਾਸ਼ ਹੋਣਾ।
2. ਜੀਵਾਂ ਦਾ ਜੰਮਣਾ, ਵੱਧਣਾ, ਫੁੱਲਣਾ, ਜੁਆਨ ਹੋਣਾ ਅਤੇ ਬੁੱਢੇ ਹੋ ਕੇ ਮਰਨਾ ।
3. ਤੱਤਾਂ ਦੇ ਇਕੱਠੇ ਹੋ ਕੇ, ਪਾਣੀ, ਹਵਾ, ਵਾਯੂ, ਅਗਨ ਦੁਆਰਾ ਪ੍ਰਕਾਸ਼ਤ ਹੋ ਕੇ, ਫੇਰ ਖਿੰਡ-ਪੁੰਡ ਜਾਣਾ ।

ਇਹਨਾਂ ਸਾਰਿਆਂ ਅਤੇ ਹੋਰ ਅਨੇਕਾਂ 'ਜੀਵਨਾਂ' ਦਾ ਆਧਾਰ, ਸੋਮਾਂ, ਕੇਂਦਰ ਇਕੋ 'ਜੀਵਨ-ਰੌਂ', 'ਸਬਦ', 'ਨਾਮ' ਅਤੇ 'ਅਕਲ-ਕਲਾ' ਹੀ ਹੈ ।

ਉਪਰਲੀਆਂ ਮਿਸਾਲਾਂ ਤੋਂ ਪ੍ਰਗਟ ਹੁੰਦਾ ਹੈ, ਕਿ ਇਸ ਇਲਾਹੀ 'ਜੀਵਨ-ਰੌਂ' ਦੇ ਅੰਤ੍ਰਗਤ ਕੋਈ —

ਲੋਚਾ
ਕਾਂਖੀ
ਖਿੱਚ
ਚੁੱਪ-ਪ੍ਰੀਤ

ਪ੍ਰੇਮ-ਪਿਆਰ

ਦੀ ਗੁੱਝੀ ਪ੍ਰੀਤ-ਡੋਰੀ ਹੈ, ਜੋ ਹਰ ਇਕ ਸ਼ੈ ਨੂੰ, ਆਪਣੇ ਸੋਮੇ ਵਲ ਅਛੋਪ ਹੀ ਖਿੱਚੀ ਜਾ ਰਹੀ ਹੈ ।

ਉਦਾਹਰਨ ਦੇ ਤੌਰ ਤੇ ਸਮੁੰਦਰ ਦਾ ਪਾਣੀ, ਗਰਮ ਹੋ ਕੇ ਭਾਫ, ਬੱਦਲ, ਬਰਫ, ਮੀਂਹ ਦੁਆਰਾ ਪਹਾੜਾਂ, ਨਾਲਿਆਂ, ਨਦੀਆਂ ਦਰਿਆਵਾਂ ਵਿਚ ਦੀ ਵਗਦਾ ਹੋਇਆ ਅਤੇ ਕਈ ਸ਼ਕਲਾਂ ਧਾਰਦਾ ਹੋਇਆ, ਮੁੜ ਆਪਣੇ ਸ਼ਹੁ-ਸਾਗਰ 'ਸਮੁੰਦਰ' ਵਿਚ ਜਾ ਸਮਾਉਂਦਾ ਹੈ। ਇਸ ਲੰਮੇ ਸਫਰ ਵਿਚ ਪਾਣੀ ਨੇ ਕਈ 'ਜੀਵਨ' ਭੋਗੇ ਅਤੇ ਆਖਰ ਆਪਣੇ ਸੋਮੇ ਨੂੰ ਆ ਹੀ ਮਿਲਿਆ ।

ਏਸੇ ਤਰ੍ਹਾਂ ਕਾਇਨਾਤ ਦੀ ਹਰ 'ਸ਼ੈ' ਤੇ 'ਜੀਵ' ਦੀ ਜੋਤ, ਇਲਾਹੀ ਹੁਕਮ ਅਨੁਸਾਰ ਦੁਨੀਆਂ ਵਿਚ ਵਿਚਰਦੀ ਹੋਈ, ਆਪੋ-ਆਪਣਾ 'ਜੀਵਨ' ਭੋਗਦੀ ਹੈ ਅਤੇ ਅੰਤ ਨੂੰ ਮੁੜ ਆਪਣੇ 'ਸੋਮੇ' ਅਕਾਲ ਪੁਰਖ ਵਿਚ ਸਮਾ ਜਾਂਦੀ ਹੈ ।

ਇਹ ਸਾਰੀ ਜੀਵਨ ਦੀ ਕ੍ਰਿਆ 'ਹੁਕਮ' ਦੀ ਅਕਹਿ ਅਤੇ ਗੁਪਤ ਚੁਪ-ਪ੍ਰੀਤ ਦੀ ਸੂਖਮ 'ਪ੍ਰੀਤ-ਡੋਰੀ' ਦੀ ਚਾਲ ਹੈ, ਜੋ ਉਸ ਨੂੰ ਆਪਣੇ ਇਲਾਹੀ ਸੋਮੇ ਵਲ ਸਦੀਵੀ ਖਿੱਚ ਪਾ ਰਹੀ ਹੈ । ਪਰ ਜੀਵ ਇਸ ਦੈਵੀ ਅੰਤ੍-ਆਤਮੇ ਪ੍ਰੀਤ-ਡੋਰੀ ਦੀ ਖਿੱਚ ਤੋਂ ਅਨਜਾਣ ਹਨ।

ਚੌਰਾਸੀ ਲਖ ਜੂਨਾਂ ਨੂੰ ਅਕਾਲ ਪੁਰਖ ਨੇ ਅਲਪ-ਬੁੱਧੀ ਦਿਤੀ ਹੈ, ਜਿਸ ਕਾਰਨ ਉਹ ਆਪਣੇ 'ਜੀਵਨ' ਅਤੇ 'ਜੀਵਨ-ਰੌ' ਤੋਂ ਅਨਜਾਣ ਹਨ । ਇਹ 'ਅਨਜਾਣ-ਪੁਣਾ' ਅਥਵਾ ਅਗਿਆਨਤਾ ਭੀ ਉਹਨਾਂ ਲਈ, ਅਕਾਲ ਪੁਰਖ ਦੀ ਗੁੱਝੀ ਮਿਹਰ ਹੈ, ਕਿਉਂਕਿ ਇਸ ਵਿਚ ਉਹਨਾਂ ਦੀ ਕਲਿਆਨ ਹੈ —

ਉਹ ਅਭੋਲ ਅਤੇ ਅਨਜਾਣੇ ਹੀ 'ਇਲਾਹੀ ਹੁਕਮ' ਦੇ ਭਾਣੇ ਵਿਚ ਜੀਵਨ ਬਤੀਤ ਕਰਦੇ ਹਨ ।

ਉਹ ਸਹਿਜ-ਸੁਭਾਇ ਹੀ 'ਸਬਰ-ਸਬੂਰੀ' ਵਿਚ ਰਹਿੰਦੇ ਹਨ ਅਤੇ ਮਨੁੱਖਾਂ ਵਾਂਗ, ਰੱਬ ਦੀ ਕਰਨੀ ਉਤੇ ਕਿੰਤੂ, ਸ਼ਿਕਾਇਤ ਅਤੇ ਨਿਹੋਰਾ ਨਹੀਂ ਕਰਦੇ ।

ਇਸ ਲਈ ਇਹਨਾਂ ਦੀ ਸਹਿਜ-ਸੁਭਾਇ ਹੀ ਉਪਰ ਵਲ ਆਤਮਿਕ ਤਰੱਕੀ (natural evolution) ਹੁੰਦੀ ਜਾਂਦੀ ਹੈ ।

ਇਸ ਤਰ੍ਹਾਂ ਇਹ ਅਗਿਆਨਤਾ ਉਹਨਾਂ ਲਈ ਕਲਿਆਨ-ਕਾਰੀ ਹੁੰਦੀ ਹੈ ।

ਉਹ ਮਨੁੱਖਾ ਜੂਨੀ ਵਾਂਗ, ਸਿਆਣਪਾਂ ਅਤੇ ਚਤੁਰਾਈਆਂ ਘੋਟ ਕੇ

ਇਲਾਹੀ 'ਹੁਕਮ' ਵਿਚ ਵਿਘਨ ਪਾਉਣ ਤੋਂ ਅਸਮਰਥ ਹਨ ।

ਇਸੇ ਲਈ ਉਹ ਆਪਣੇ ਕਰਮਾਂ ਦੇ ਨਤੀਜਿਆਂ ਤੋਂ 'ਬਰੀ' ਹਨ ।

ਪਰ, 'ਮਨੁੱਖ ਜੂਨੀ' ਦੀ ਕਹਾਣੀ ਕੁਝ ਹੋਰਵੇਂ ਹੈ ।

ਮਨੁੱਖ ਜੂਨ ਉਤੇ ਅਕਾਲ ਪੁਰਖ ਨੇ ਬੇਅੰਤ ਬਖਸ਼ਿਸ਼ਾਂ ਕੀਤੀਆਂ ਹਨ ਅਤੇ ਖਾਸ ਰਿਆਇਤਾਂ ਪ੍ਰਦਾਨ ਕੀਤੀਆਂ ਹਨ —

1 ਮਨੁੱਖ ਨੂੰ ਰੱਬ ਨੇ ਆਪਣੇ ਸਰੂਪ ਵਿਚ ਬਣਾਇਆ ਹੈ ।

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥ (**ਪੰਨਾ–੪੪੧**)

2. ਮਨੁੱਖ ਨੂੰ ਬੇਅੰਤ ਤੀਖਣ ਬੁੱਧੀ ਬਖਸ਼ੀ ਹੈ, ਤਾਂ ਕਿ ਉਹ —

ਆਪਣੇ 'ਆਪੇ' ਨੂੰ ਪਹਿਚਾਨ ਸਕੇ ।

ਆਪਣੇ 'ਕਰਤੇ' ਨੂੰ ਪਹਿਚਾਨ ਸਕੇ ।

ਕਰਤੇ ਦੇ 'ਹੁਕਮ' ਨੂੰ ਪਹਿਚਾਨ ਸਕੇ ।

ਆਪਣੇ ਕਰਤੇ ਅਕਾਲ ਪੁਰਖ ਵਿਚ ਮੁੜ 'ਸਮਾ' ਸਕੇ ।

3. ਬਾਕੀ ਸਾਰੀਆਂ ਜੂਨਾਂ ਦਾ 'ਸਿਰਤਾਜ' ਬਣਾਇਆ ਹੈ ।

ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥ (**ਪੰਨਾ–੯੧੩**)

ਲਖ ਚਉਰਾਸੀਹ ਜੂਨਿ ਵਿਚਿ ਉਤਮ ਜੂਨਿ ਸੁ ਮਾਣਸ ਦੇਹੀ ॥

(ਵ.ਭਾ.ਗੁ. **੧੫/੩**)

4. ਸਾਰੀ ਕਾਇਨਾਤ ਦੀਆਂ ਬੇਅੰਤ 'ਦਾਤਾਂ' ਬਖਸ਼ੀਆਂ ਹਨ ।

ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥
ਅੰਤਰਿ ਥਾਨ ਠਹਰਾਵਨ ਕਉ ਕੀਏ ॥
ਬਸੁਧਾ ਦੀਓ ਬਰਤਨਿ ਬਲਨਾ ॥
ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ ॥ (**ਪੰਨਾ–੯੧੩**)

ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥ (**ਪੰਨਾ–੧੦੯੬**)

5. ਮਨੁੱਖ ਦੇ ਸਰੀਰਕ ਅਤੇ ਮਾਨਸਿਕ ਸੁਖ ਲਈ ਬੇਅੰਤ ਚਿਤ੍ਰ–ਬਚਿਤ੍ਰ ਮਾਇਕੀ ਸਾਧਨ ਪ੍ਰਦਾਨ ਕੀਤੇ ਹਨ ।

ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥

ਖਾਤ ਖਰਚਤ ਬਿਲਛਤ ਸੁਖੁ ਪਾਇਆ
ਕਰਤੇ ਕੀ ਦਾਤਿ ਸਵਾਈ ਰਾਮ ॥ (**ਪੰਨਾ-੭੮੬**)

6. ਮਨੁੱਖ ਦੇ ਕਲਿਆਣ ਲਈ ਲੋੜ ਅਨੁਸਾਰ ਅਨੇਕਾਂ 'ਧਰਮ' ਪ੍ਰਚਲਤ ਕੀਤੇ ਹਨ। ਭੁੱਲੇ-ਭਟਕੇ ਜੀਵਾਂ ਨੂੰ ਸਹੀ ਜੀਵਨ-ਸੇਧ ਦੇਣ ਲਈ ਅਨੇਕਾਂ ਗੁਰੂ, ਅਵਤਾਰ, ਪੀਰ, ਪੈਗੰਬਰ, ਸਾਧ, ਸੰਤ, ਭਗਤ ਦੁਨੀਆਂ ਤੇ ਭੇਜੇ ਗਏ,ਜਿਨ੍ਹਾਂ ਨੇ ਆਤਮਿਕ ਸੇਧ ਦੇਣ ਲਈ ਉਪਦੇਸ਼ ਦਿਤੇ ।

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥
ਹਰਿ ਗੁਣ ਗਾਵਹਿ ਰਸਨ ਰਸੇਰੇ ॥ (**ਪੰਨਾ-੧੦੨੫**)

ਹੈਰਾਨੀ ਵਾਲੀ ਗੱਲ ਇਹ ਹੈ, ਕਿ ਸੀਮਤ ਬੁੱਧੀ ਵਾਲੀਆਂ ਚੌਰਾਸੀ ਲਖ ਜੂਨਾਂ ਤਾਂ ਬਖਸ਼ਿਸ਼ਾਂ ਤੋਂ ਅਨਜਾਣ ਹੁੰਦਿਆਂ ਭੀ, ਇਲਾਹੀ ਦਾਤਾਂ ਦਾ ਪੂਰਾ ਲਾਭ ਲੈ ਰਹੀਆਂ ਹਨ ਅਤੇ ਸਹਿਜ-ਸੁਭਾਇ 'ਹੁਕਮ' ਵਿਚ ਵਿਚਰਦਿਆਂ ਆਪਣਾ ਕਲਿਆਣ ਕਰ ਰਹੀਆਂ ਹਨ ।

ਇਸ ਤੋਂ ਉਲਟ ਬੇਅੰਤ ਤੀਖਣ ਬੁੱਧੀ ਵਾਲਾ ਮਨੁੱਖ ਸਭ ਜੂਨਾਂ ਦਾ ਸ਼੍ਰੋਮਣੀ ਹੁੰਦਿਆਂ ਹੋਇਆਂ ਭੀ, ਆਪਣੇ ਇਲਾਹੀ ਉਦੇਸ਼ ਤੋਂ ਅਨਜਾਣ, ਬੇ-ਪ੍ਰਵਾਹ ਅਤੇ ਬੇਮੁਖ ਹੋ ਕੇ ਰਸਾਤਲ ਵਲ ਰੁੜ੍ਹਿਆ ਜਾ ਰਿਹਾ ਹੈ ।

ਅਫਸੋਸ ਵਾਲੀ ਗੱਲ ਤਾਂ ਇਹ ਹੈ ਕਿ —

ਇਤਨੀ ਤੀਖਣ ਬੁੱਧੀ
ਅਨੇਕਾਂ ਧਰਮਾਂ
ਅਨੇਕਾਂ ਧਾਰਮਿਕ ਗ੍ਰੰਥਾਂ
ਅਨੇਕਾਂ ਧਾਰਮਿਕ ਮੰਦਰਾਂ
ਬੇਅੰਤ ਧਰਮ ਪ੍ਰਚਾਰ
ਬੇਅੰਤ ਗਿਆਨ-ਧਿਆਨ
ਬੇਅੰਤ ਪਾਠ-ਪੂਜਾ
ਬੇਅੰਤ ਜਪ-ਤਪ ਅਤੇ ਕਰਮ-ਕਾਂਡਾਂ
ਬੇਅੰਤ ਹਠ-ਜੋਗ-ਸਾਧਨਾਂ
ਬੇਅੰਤ ਧਾਰਮਿਕ ਆਗੂਆਂ

ਦੇ ਬਾਵਜੂਦ, ਇਨਸਾਨ ਨੂੰ ਆਪਣੇ —

ਆਪੇ

ਕਰਤੇ

ਜੀਵਨ–ਸੇਧ

ਜੀਵਨ–ਨਿਸ਼ਾਨੇ

ਕਲਿਆਣ

ਦੀ ਬਾਬਤ ਸਹੀ ‘ਗਿਆਨ’ ਨਹੀਂ ਹੋ ਸਕਿਆ ! ਅਤੇ ਇਨਸਾਨ ਆਪਣੀ ਦੈਵੀ ਹਸਤੀ ਨੂੰ ਭੁਲਾ ਕੇ ਰਸਾਤਲ ਵਲ ਰੁੜ੍ਹਿਆ ਜਾ ਰਿਹਾ ਹੈ ਅਤੇ ਬਾਕੀ ਸਾਰੀਆਂ ਜੂਨਾਂ ਤੋਂ ਭੀ ਨੀਵਾਂ, ਮਲੀਨ ਤੇ ਦੁਖਦਾਈ ਜੀਵਨ ਬਤੀਤ ਕਰ ਰਿਹਾ ਹੈ ।

ਇਨਸਾਨ ਦੀ ਇਸ ਤਰਸਯੋਗ ਅਤੇ ਦੁਖਦਾਈ ਅਧੋਗਤੀ ਦੇ ਕਾਰਨਾਂ ਦੀ ਖੋਜ–ਵਿਚਾਰ ਕਰਨ ਦੀ ਲੋੜ ਹੈ ।

ਅਕਾਲ ਪੁਰਖ ਨੇ ਇਨਸਾਨ ਨੂੰ ਆਪਣੇ ਸਰੂਪ ਵਿਚ ਘੜ ਕੇ, ਆਪਣੀਆਂ ਸਾਰੀਆਂ ਸ਼ਕਤੀਆਂ ਪ੍ਰਦਾਨ ਕਰ ਦਿੱਤੀਆਂ ਹਨ ਅਤੇ ਨਾਲ ਹੀ ਹਉਮੈ ਦਾ ‘ਭਰਮ–ਭੁਲਾਵਾ’ ਭੀ ਪਾ ਦਿਤਾ, ਜੋ ਅਤਿ ਪ੍ਰਬਲ ਹੈ ।

ਇਸ ‘ਹਉਮੈ’ ਦੇ ਭਰਮ–ਭੁਲਾਵੇ ਦੇ ਕਾਰਨ ਅਸੀਂ —

ਆਪਣੇ ‘ਆਪੇ’ ਨੂੰ ਨਹੀਂ ਬੁੱਝ ਸਕਦੇ ।

ਅਕਾਲ ਪੁਰਖ ਦੀ ‘ਹੋਂਦ’ ਦਾ ਨਿਸਚਾ ਨਹੀਂ ਆਉਂਦਾ ।

ਇਲਾਹੀ ‘ਹੁਕਮ’ ਨੂੰ ਨਹੀਂ ਬੁੱਝ ਸਕਦੇ ।

ਭਾਣੇ ਵਿਚ ਨਹੀਂ ਆ ਸਕਦੇ ।

ਇਲਾਹੀ ਬਰਕਤਾਂ ਨੂੰ ਪੂਰੀ ਤਰ੍ਹਾਂ ਨਹੀਂ ਮਾਣ ਸਕਦੇ ।

ਆਪਣੀ ‘ਜੀਵਨ–ਸੇਧ’ ਤੋਂ ਅਨਜਾਣ ਹਾਂ ।

ਸਹੀ ਆਤਮਿਕ ਜੀਵਨ ਨਹੀਂ ਮਾਣ ਸਕਦੇ ।

ਆਪਣੀ ‘ਜੀਵਨ–ਸੇਧ’ ਤੋਂ ਅਨਜਾਣ ਹਾਂ ।

ਸਹੀ ਆਤਮਿਕ ਜੀਵਨ ਨਹੀਂ ਮਾਣ ਸਕਦੇ ।

ਆਤਮਿਕ ਵਿਰਸੇ ਤੋਂ ਵਾਂਝੇ ਰਹਿੰਦੇ ਹਾਂ ।

‘ਹਉਮੈ–ਵੇੜ੍ਹੇ’ ਮਨ ਨਾਲ ਕੰਮ ਕਰਦੇ ਹਾਂ ।

ਆਪਣੇ ਹਉਂਧਾਰੀ ਕਰਮਾਂ ਦਾ ਨਤੀਜਾ ਭੁਗਤਦੇ ਹਾਂ ।

ਭਰਮੇ ਆਵੈ ਭਰਮੇ ਜਾਇ ॥

ਇਹੁ ਜਗੁ ਜਨਮਿਆ ਦੂਜੈ ਭਾਇ ॥ (**ਪੰਨਾ–੧੬੧**)

ਭਰਮੇ ਭੂਲਾ ਫਿਰੈ ਸੰਸਾਰੁ ॥
ਮਰਿ ਜਨਮੈ ਜਮੁ ਕਰੇ ਖੁਆਰੁ ॥ (**ਪੰਨਾ–੫੬੦**)

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ (**ਪੰਨਾ–੬੮੪**)

ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥ (**ਪੰਨਾ–੧੦੭੫**)

'ਹਉਮੈ' ਦੇ ਭਰਮ–ਭੁਲਾਵੇ ਦੇ ਕੁਝ ਉਦਾਹਰਨ ਦਿੱਤੇ ਜਾਂਦੇ ਹਨ —

1. 'ਥੀਏਟਰ' ਵਿਚ ਕਈ ਅਦਾਕਾਰ ਹੁੰਦੇ ਹਨ, ਜੋ ਕਈ ਕਿਸਮ ਦੇ 'ਪਾਰਟ' ਅਦਾ ਕਰਦੇ ਹਨ। ਰੰਗਮੰਚ ਉਤੇ ਉਨ੍ਹਾਂ ਦੀ ਹਰ ਇਕ ਹਰਕਤ, ਅਦਾ ਅਤੇ ਬੋਲਚਾਲ ਮਾਲਕ ਦੀ ਕਿਸੀ ਵਿਉਂਤ ਅਨੁਸਾਰ ਨਿਯਮ–ਬੱਧ ਹੁੰਦੀ ਹੈ । ਸਟੇਜ ਉਤੇ ਕੋਈ ਰਾਜਾ, ਕੋਈ ਰਾਣੀ, ਕੋਈ ਨੌਕਰ, ਕੋਈ ਦਾਤਾ, ਕੋਈ ਭਿਖਾਰੀ ਆਦਿ, ਅਨੇਕਾਂ ਭੇਖ ਧਾਰ ਕੇ ਆਪੋ–ਆਪਣਾ 'ਪਾਰਟ' ਖੇਲਦੇ ਹਨ । ਹਰ ਇਕ ਨੂੰ ਨਿਸਚਾ ਹੁੰਦਾ ਹੈ, ਕਿ ਉਹ ਸੱਚੀ–ਮੁੱਚੀ ਦੇ ਰਾਜਾ, ਰਾਣੀ ਆਦਿ ਨਹੀਂ ਹਨ, ਬਲਕਿ ਖਿਨ–ਭੰਗਰ ਸਟੇਜ ਤੇ ਆਪਣਾ ਨੀਯਤ 'ਪਾਰਟ' ਅਦਾ ਕਰਨ ਹੀ ਆਏ ਹਨ ਅਤੇ ਅਸਲ ਵਿਚ ਉਹ ਆਪਣੇ 'ਮਾਲਕ' ਦੇ 'ਨੌਕਰ' ਹੀ ਹਨ । ਉਹਨਾਂ ਨੂੰ ਇਹ ਅਹਿਸਾਸ ਹੁੰਦਾ ਹੈ, ਕਿ ਉਹ 'ਸੁਤੰਤਰ' ਨਹੀਂ ਹਨ ਅਤੇ ਆਪਣੀ 'ਮਨ–ਮਰਜ਼ੀ' ਨਹੀਂ ਕਰ ਸਕਦੇ । ਪਰ, ਜੇ ਕੋਈ ਪਾਤਰ ਆਪਣੇ ਮਾਲਕ ਨੂੰ ਭੁੱਲ ਕੇ ਜਾਂ ਬਾਗੀ ਹੋ ਕੇ, ਸਟੇਜ ਉਤੇ 'ਮਨ–ਮਰਜ਼ੀ' ਕਰਦਾ ਹੈ, ਤਾਂ ਸਾਰੀ ਖੇਲ ਵਿਚ ਵਿਘਨ ਪੈ ਜਾਂਦਾ ਹੈ, ਜਿਸ ਦੀ ਉਸਨੂੰ 'ਸਜ਼ਾ' ਮਿਲਦੀ ਹੈ ।

ਐਨ ਏਸੇ ਤਰ੍ਹਾਂ ਇਸ ਕਾਇਨਾਤ ਦੇ ਮਾਲਕ 'ਅਕਾਲ ਪੁਰਖ' ਨੇ ਆਪਣੇ ਅਪਾਰ 'ਹੁਕਮ' ਦੁਆਰਾ ਇਹ ਦੁਨਿਆਵੀ 'ਵਡ–ਖੇਲ–ਤਮਾਸ਼ਾ' ਰਚਿਆ ਹੋਇਆ ਹੈ, ਜਿਸ ਵਿਚ ਅਸੀਂ ਸਾਰੇ ਜੀਵ, ਆਪੋ–ਆਪਣਾ ' ਪਾਰਟ ' ਅਦਾ ਕਰ ਰਹੇ ਹਾਂ ।

ਜਦ ਤਾਈਂ ਅਸੀਂ ਅਕਾਲ ਪੁਰਖ ਦੀ ਇਲਾਹੀ ਵਿਉਂਤ ਅੰਦਰ, 'ਹੁਕਮ' ਦੇ ਭਾਣੇ ਵਿਚ ਆਪੋ–ਆਪਣਾ 'ਪਾਰਟ' ਅਦਾ ਕਰਦੇ ਰਹੇ ਹਾਂ, ਉਦੋਂ ਤਾਈਂ ਇਲਾਹੀ 'ਖੇਲ–ਅਖਾੜਾ' ਨਿਰਵਿਘਨ ਚਲਦਾ ਹੈ ਅਤੇ ' ਅਦਾਕਾਰ ' ਅਥਵਾ ਜੀਵ ਨੂੰ ਵਡਿਆਈ ਮਿਲਦੀ ਹੈ ।

ਪਰ, ਜਦ 'ਜੀਵ' ਆਪਣੇ 'ਮਾਲਕ' ਅਕਾਲ ਪੁਰਖ ਨੂੰ ਭੁਲ ਜਾਂਦੇ ਹਨ ਅਤੇ ਬੇਮੁਖ ਹੋ ਜਾਂਦੇ ਹਨ, ਤਾਂ 'ਮੋਹ-ਮਾਇਆ' ਦੀ ਅਗਿਆਨਤਾ ਵਿਚ ਹਉਮੈ ਧਾਰ ਕੇ, ਆਪ ਹੀ 'ਮਾਲਕ' ਅਤੇ ਕਰਤਾ-ਧਰਤਾ ਬਣ ਬੈਠਦੇ ਹਨ ਤੇ ਮਨ-ਮਰਜ਼ੀ ਕਰਦੇ ਹਨ ।

ਇਸ ਤਰ੍ਹਾਂ ਜੀਵ ਇਲਾਹੀ ਬਰਕਤਾਂ ਤੋਂ ਵਾਂਝੇ ਰਹਿੰਦੇ ਹਨ ਅਤੇ ਕਰਮ-ਬੱਧ ਹੋ ਕੇ, ਮਾਇਕੀ ਅਸੂਲ ਅਨੁਸਾਰ ਦੁਖ ਸੁਖ ਭੋਗਦੇ ਹਨ ।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (**ਪੰਨਾ-੪੩੩**)

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (**ਪੰਨਾ-੬੦੧**)

2. ਬਿਜਲੀ ਦਾ ਕਰੰਟ 'ਪਾਵਰ ਹਾਉਸ' ਤੋਂ ਉਪਜਦਾ ਹੈ । ਇਹ ਬਿਜਲੀ ਹਰ-ਇਕ 'ਬਲਬ' ਵਿਚ ਰੋਸ਼ਨੀ ਦਿੰਦੀ ਹੈ । ਬਲਬ ਦੇ ਅੰਦਰ 'ਫਿਲਾਮੈਂਟ' ਦੀ ਸੂਖਮ ਤਾਰ ਹੁੰਦੀ ਹੈ, ਜਿਸ ਰਾਹੀਂ ਬਿਜਲੀ ਦਾ ਪ੍ਰਕਾਸ਼ ਹੁੰਦਾ ਹੈ । ਉਸਦੇ ਉਦਾਲੇ ਅਨੇਕਾਂ ਰੰਗਾਂ ਅਤੇ ਸ਼ਕਲਾਂ ਵਾਲੇ ਸ਼ੀਸ਼ੇ ਦਾ ਗਿਲਾਫ਼ ਚੜ੍ਹਿਆ ਹੁੰਦਾ ਹੈ । ਜਦ ਇਸ ਵਿਚ ਕਰੰਟ ਆਉਂਦਾ ਹੈ, ਤਾਂ ਇਹ 'ਜਗ' ਪੈਂਦਾ ਹੈ, ਜਾਂ 'ਜੀਉਂਦਾ' ਹੋ ਜਾਂਦਾ ਹੈ । ਨਹੀਂ ਤਾਂ ਇਹ 'ਬੁੱਝ' ਜਾਂਦਾ ਹੈ ਅਤੇ 'ਮੁਰਦਾ' ਹੋ ਜਾਂਦਾ ਹੈ ।

ਬਲਬ ਨੂੰ ਪ੍ਰਕਾਸ਼ ਜਾਂ 'ਜੀਵਨ', ਕਰੰਟ ਤੋਂ ਮਿਲਦਾ ਹੈ ਤੇ ਕਰੰਟ 'ਪਾਵਰ ਹਾਉਸ' ਤੋਂ ਆਉਂਦਾ ਹੈ । ਬਲਬ ਦੀ ਆਪਣੇ ਆਪ ਵਿਚ ਕੋਈ ਹਸਤੀ ਨਹੀਂ ਹੈ, ਇਸਦੀ 'ਹਸਤੀ' ਕਰੰਟ ਦੀ 'ਹੋਂਦ' ਤੋ ਬਣਦੀ ਹੈ । ਇਸ ਲਈ ਜੀਵਨ-ਪ੍ਰਕਾਸ਼ ਦਾ 'ਸੋਮਾ', ਪਾਵਰ ਹਾਉਸ ' ਜਾਂ 'ਨਾਮ' ਹੀ ਹੈ ।

ਜੇਕਰ ਬਲਬ ਆਪਣੇ 'ਜੀਵਨ-ਪ੍ਰਕਾਸ਼' ਦੇ ਸੋਮੇ ਨੂੰ ਭੁਲ ਜਾਏ ਜਾਂ ਮੁਨਕਿਰ ਹੋ ਕੇ, ਆਪਣੀ ਹੀ 'ਅੱਡਰੀ ਹਸਤੀ' ਜਤਾਉਂਦਾ ਫਿਰੇ, ਤਾਂ ਉਹ 'ਝੂਠਾ' ਹੈ, 'ਪਾਖੰਡੀ ' ਹੈ ਅਤੇ ਉਸ ਦੀ ਹਉਮੈ ਦੀ ' ਅੱਡਰੀ ਹੋਂਦ ' ਕੂੜੀ ਹੈ ।

ਐਨ ਏਸੇ ਤਰ੍ਹਾਂ, ਅਕਾਲ ਪੁਰਖ ਦੀ ਹੀ ਇਕੋ 'ਅਸਲੀ ਹਸਤੀ' ਹੈ, ਜਿਸ ਵਿਚੋਂ 'ਜੀਵਨ-ਰੂਪ-ਜੋਤਿ', ਹਰ ਇਕ ਜੀਵ ਦੇ ਅੰਤ੍-ਆਤਮੇ ਪ੍ਰਕਾਸ਼ਿਤ ਹੈ । ਪਰ, ਮਾਇਆ-ਰੂਪੀ ਭਰਮ-ਭੁਲਾਵੇ ਦੀ ਅਗਿਆਨਤਾ ਵਿਚ, ਜੀਵ ਨੂੰ ਇਹ ਭੁਲੇਖਾ ਪਿਆ ਹੋਇਆ ਹੈ, ਕਿ ਉਹ ਆਪਣੇ ਆਪ ਵਿਚ ਕੋਈ 'ਅਡਰੀ ਹਸਤੀ' ਹੈ ਤੇ ਆਪ ਹੀ ਸੰਪੂਰਨ ਕਰਤਾ-ਧਰਤਾ ਹੈ। ਜਿਸ ਅਨੁਸਾਰ ਉਸ ਦੇ ਜੀਵਨ ਦੇ ਹਰ 'ਪੱਖ' ਵਿਚ 'ਮੈਂ-ਮੇਰੀ' ਦਾ ਪ੍ਰਗਟਾਵਾ ਅਤੇ ਬੋਲ-ਬਾਲਾ ਹੋ ਰਿਹਾ ਹੈ ।

ਪਹਿਲਾਂ ਦਸਿਆ ਜਾ ਚੁਕਾ ਹੈ, ਕਿ 'ਜੀਵਨ' — 'ਜੀਵਨ-ਰੌ' ਦੀ ਗੁੱਝੀ ਸਹਿਜ-ਚਾਲ ਹੈ ਅਤੇ 'ਜੀਵਨ-ਰੌ' ਅਥਵਾ 'ਸਬਦ' — 'ਨਾਮ', ਹਰ ਇਕ ਜ਼ੱਰੇ ਵਿਚ ਰਵਿ-ਰਹਿਆ-ਭਰਪੂਰ ਹੈ ।

ਜਿਸ ਤਰ੍ਹਾਂ ਬਿਜਲੀ ਦਾ ਕਰੰਟ ਤਾਂ ਇਕੋ ਹੁੰਦਾ ਹੈ, ਪਰ ਉਸਦੇ ਪ੍ਰਗਟਾਵੇ ਦੇ ਬਾਹਰਲੇ ਸਾਧਨ, ਬਲਬ, ਟਿਊਬ, ਆਦਿ, ਅਨੇਕਾਂ ਜੰਤਰ ਹੁੰਦੇ ਹਨ, ਜਿਨ੍ਹਾਂ ਰਾਹੀਂ ਚਲ ਰਹੀ 'ਕਰੰਟ', ਉਹਨਾਂ ਦੀ ਰੰਗਤ ਅਨੁਸਾਰ ਲਾਲ, ਪੀਲੀ, ਨੀਲੀ ਰੋਸ਼ਨੀ ਪ੍ਰਕਾਸ਼ਤ ਕਰਦੀ ਹੈ ।

ਇਸੇ ਤਰ੍ਹਾਂ ਪਾਣੀ ਤਾਂ ਇਕੋ ਹੁੰਦਾ ਹੈ, ਪਰ ਇਸ ਵਿਚ ਜੋ ਚੀਜ਼ ਰਲਾਈ ਜਾਂਦੀ ਹੈ, ਉਸੇ ਅਨੁਸਾਰ ਪਾਣੀ ਦਾ ਰੰਗ ਅਤੇ ਸਵਾਦ ਪ੍ਰਗਟ ਹੁੰਦਾ ਹੈ ।

ਐਨ ਏਸੇ ਤਰ੍ਹਾਂ ਜੀਵਾਂ ਵਿਚ 'ਜੋਤਿ' ਦੀ 'ਜੀਵਨ-ਰੌਂ' ਤਾਂ ਇਕੋ ਵਰਤਦੀ ਹੈ, ਪਰ ਮਨ, ਬੁੱਧੀ, ਅੰਤਿਸ਼ਕਰਨ ਦੀ ਰੰਗਤ ਅਨੁਸਾਰ, ਇਸ 'ਜੀਵਨ-ਰੌਂ' ਦਾ ਬਾਹਰਮੁੱਖੀ ਪ੍ਰਗਟਾਵਾ ਹੁੰਦਾ ਹੈ ।

ਇਸ ਦਾ ਮਤਲਬ ਇਹ ਹੈ, ਕਿ ' ਜੀਵਨ-ਰੌਂ ' ਪ੍ਰਕਾਸ਼ ਅਤੇ ਪ੍ਰਗਟਾਵੇ ਦੇ ਦੋ ਪਹਿਲੂ ਹਨ —

1. ਅੰਤਰ ਮੁਖੀ ਸਹਿਜ-ਚਾਲ — ਜੋ ਨਿਰੋਲ, ਨਿਰਮਲ, 'ਸਬਦ', 'ਨਾਮ', 'ਹੁਕਮ' ਹੈ ।

2. ਬਾਹਰ ਮੁਖੀ ਪ੍ਰਗਟਾਵਾ — ਜਿਸ ਉਤੇ ਹਉਮੈ ਵੇੜ੍ਹੇ ਮਨ, ਹਉਂਧਾਰੀ ਬੁੱਧੀ ਅਤੇ ਅੰਤਿਸ਼ਕਰਨ ਦਾ 'ਅਕਸ' ਯਾ ਰੰਗਤ ਚੜ੍ਹੀ ਹੋਈ ਹੁੰਦੀ ਹੈ । ਇਹਨਾਂ ਦੋਹਾਂ ਹਾਲਤਾਂ ਵਿਚ 'ਜੀਵਨ-ਰੌਂ' ਦੀ ਰਵਾਨਗੀ ਨੂੰ ਹੀ 'ਜੀਵਨ' ਆਖਿਆ ਜਾਂਦਾ ਹੈ ।

'ਜੀਵ' ਆਪੋ-ਆਪਣਾ 'ਜੀਵਨ' ਤਾਂ ਭੋਗ ਰਹੇ ਹਨ, ਪਰ ਆਪਣੇ 'ਜੀਵਨ-ਆਧਾਰ' ਅਤੇ 'ਜੀਵਨ-ਰੌਂ' ਤੋਂ —

ਬੇਖਬਰ
ਅਨਜਾਣ
ਅਵੇਸਲੇ
ਬੇ-ਪ੍ਰਵਾਹ, ਅਤੇ
ਭੁੱਲ ਵਿਚ ਹਨ ।

ਇਹ 'ਭੁੱਲ' ਹੀ ਅਗਿਆਨਤਾ ਦਾ ਭਰਮ-ਭੁਲਾਵਾ ਹੈ, ਜਿਸ ਕਾਰਨ 'ਜੀਵ' ਆਪਣੇ ਅੰਤ੍ਰ-ਗਤ ਇਲਾਹੀ —

ਜੀਵਨ-ਰੌਂ
ਜੀਵਨ ਪ੍ਰਕਾਸ਼
ਜੀਵਨ-ਸੋਮਾ
ਜੀਵਨ-ਪਦ

ਜੀਵਨ-ਰੂਪ
ਸ਼ਬਦ
ਨਾਮ
ਪ੍ਰਿਮ-ਰਸ
ਚੁਪ-ਪ੍ਰੀਤ
ਆਤਮ-ਚਾਉ
ਆਤਮ-ਸੁਖ
ਸਹਿਜ-ਚਾਲ
ਅਕਲ ਕਲਾ

ਆਦਿ ਅਨੇਕਾਂ ਆਤਮਿਕ ਬਖਸ਼ਿਸ਼ਾਂ ਤੋਂ ਵਾਂਝੇ ਜਾ ਰਹੇ ਹਨ ।

ਇਸ ਅਗਿਆਨਤਾ ਦੇ ਭਰਮ-ਭੁਲਾਵੇ ਵਿਚ ਜੀਵ 'ਜੀਵਨ' ਅਥਵਾ —

ਦੂਜੈ-ਭਾਇ
ਈਰਖਾ
ਦਵੈਤ
ਕਾਮ
ਕ੍ਰੋਧ
ਲਬ
ਲੋਭ
ਮੋਹ
ਹੰਕਾਰ

ਆਦਿ, ਵਿਚ ਗਲਤਾਨ ਹੋ ਕੇ, ਦਿਨ-ਰਾਤ ਦੁਖ-ਕਲੇਸ਼ ਸਹੇੜਦਾ ਤੇ ਭੋਗਦਾ ਹੈ ਅਤੇ ਨਰਕੀ ਜੀਵਨ ਬਤੀਤ ਕਰਦਾ ਹੈ ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (**ਪੰਨਾ-੧੩੩**)

ਸਮਝਣ ਵਾਲਾ ਜ਼ਰੂਰੀ ਨੁਕਤਾ, ਜੀਵ ਦੀ ਆਪਣੀ ਜੀਵਨ-ਰੌਂ ਨੂੰ —

'ਬੁੱਝਣ' ਯਾ ਅਨੁਭਵ ਕਰਨ

ਯਾ

'ਭੁੱਲ ਕੇ' — ਅਣਜਾਣ ਰਹਿਣ

ਵਿਚ ਛੁਪਿਆ ਹੋਇਆ ਹੈ ।

ਚੌਰਾਸੀ ਲੱਖ ਜੂਨਾਂ ਤਾਂ ਆਪਣੀ 'ਜੀਵਨ-ਰੌ' ਨੂੰ ਬੁੱਝ ਨਹੀਂ ਸਕਦੀਆਂ, ਕਿਉਂਕਿ ਉਨ੍ਹਾਂ ਦੀ ਬੁੱਧੀ ਸੀਮਿਤ ਹੈ ।

ਪਰ ਇਨਸਾਨ ਨੂੰ ਤਾਂ ਅਕਾਲ ਪੁਰਖ ਨੇ ਅਤਿਅੰਤ ਤੀਖਣ ਬੁੱਧੀ ਪ੍ਰਦਾਨ ਕੀਤੀ ਹੈ ।

ਮਨੁੱਖ ਨੇ ਇਸ ਬੁੱਧੀ ਦੀ ਅਮੋਲਕ ਦਾਤ ਨੂੰ ਅੰਤਰ-ਆਤਮੇ 'ਜੀਵਨ-ਰੌ' ਅਥਵਾ ਸਬਦ ਦੀ —

ਖੋਜ ਕਰਨ ਦੀ ਬਜਾਇ

ਹਉਮੈ ਦੇ ਪ੍ਰਾਇਣ ਹੋ ਕੇ, ਮਾਇਆ ਦੇ ਚਿਤ੍ਰ-ਬਚਿਤ੍ਰ ਚਮਤਕਾਰਿਆਂ ਦੀ ਖੋਜ ਵਿਚ ਵਰਤਿਆ ਹੈ ।

ਇਸ ਤਰ੍ਹਾਂ ਇਨਸਾਨ ਨੇ ਤੀਖਣ ਬੁੱਧੀ ਦੀ ਇਲਾਹੀ 'ਦਾਤ' ਦੀ ਬਾਹਰਮੁੱਖੀ ਵਰਤੋਂ ਕੀਤੀ ਹੈ, ਜਿਸ ਕਾਰਨ ਇਨਸਾਨ ਦਾ ਜੀਵਨ ਪਸ਼ੂਆਂ ਤੋਂ ਭੀ ਗਿਰ ਚੁਕਿਆ ਹੈ ।

ਗੁਰਬਾਣੀ ਵਿਚ ਇਨਸਾਨ ਦੀ ਅਧੋਗਤੀ ਨੂੰ ਇਉ ਬਿਆਨ ਕੀਤਾ ਹੈ —

ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥ (**ਪੰਨਾ-੫੬੫**)

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥ (**ਪੰਨਾ-੬੩੧**)

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥
ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥ (**ਪੰਨਾ-੬੩੨**)

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ
ਮਾਣਸ ਜਨਮੁ ਸੰਜੋਗਿ ਪਾਇਆ ॥ (**ਪੰਨਾ-੬੯੬**)

ਮਾਨਸ ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ ॥
ਮੁਕਤੁ ਹੋਤ ਨਰ ਜਾ ਕੈ ਸਿਮਰੈ ਨਿਮਖ ਨ ਤਾ ਕਉ ਗਾਇਓ ॥ (**ਪੰਨਾ-੯੦੨**)

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥
ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥ (**ਪੰਨਾ-੧੦੧੭**)

ਇਕਿ ਕਿਤੁ ਆਏ ਜਨਮੁ ਗਵਾਏ ॥

ਮਨਮੁਖ ਲਾਗੇ ਦੂਜੈ ਭਾਏ ॥
ਏਹ ਵੇਲਾ ਫਿਰਿ ਹਾਥਿ ਨ ਆਵੈ ਪਗਿ ਖਿਸਿਐ ਪਛੁਤਾਇਦਾ ॥ **(ਪੰਨਾ–੧੦੬੫)**

ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ ॥
ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ ॥
ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ ॥ **(ਪੰਨਾ–੧੨੦੩)**

ਐਸੇ —

ਭਰਮ–ਭੁਲਾਵੇ ਵਾਲੇ
ਅਗਿਆਨਤਾ ਵਾਲੇ
ਦੂਜੇ–ਭਾਉ ਵਾਲੇ
ਬੇ–ਮੁਖੀ
ਬਾਹਰ–ਮੁਖੀ
ਹਉਂ–ਧਾਰੀ
ਮਾਇਕੀ

'ਜੀਵਨ' ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ ।

ਭਾਈ ਰੇ ਭਗਤਿ ਹੀਣੁ ਕਾਹੇ ਜਗਿ ਆਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥ **(ਪੰਨਾ–੬੪)**

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ **(ਪੰਨਾ–੧੫੬)**

ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥
ਮੇਘ ਬਿਨਾ ਜਿਉ ਖੇਤੀ ਜਾਇ ॥ **(ਪੰਨਾ–੨੯੯)**

ਬਿਰਥਾ ਜਨਮੁ ਤਿਨਾ ਜਿਨ੍ਹੀ ਨਾਮੁ ਵਿਸਾਰਿਆ ॥ **(ਪੰਨਾ–੩੯੯)**

ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥
ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥ **(ਪੰਨਾ–੪੨੨)**

ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥
ਨਾਮ ਬਿਨਾ ਰਸ ਕਸ ਦੁਖੁ ਖਾਵੈ
ਮੁਖੁ ਫੀਕਾ ਥੁਕ ਥੂਕ ਮੁਖਿ ਪਾਈ ॥ **(ਪੰਨਾ–੪੯੩)**

ਧ੍ਰਿਗ ਤਿਨ੍ਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ
ਦੁਖੁ ਹਉਮੈ ਪਾਪ ਕਮਾਇ ॥
ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ ॥ (**ਪੰਨਾ–੫੧੧**)

ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥
ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥
ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥
ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥ (**ਪੰਨਾ–੫੯੧**)

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥
ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ
ਸੁਖਦਾਤਾ ਮਨਿ ਨ ਵਸਾਇਆ ॥ (**ਪੰਨਾ–੬੪੩**)

ਐਸੇ 'ਮਾਇਕੀ ਜੀਵਨ' ਨੂੰ ਗੁਰਬਾਣੀ ਵਿਚ ਜੀਵਨ ਹੀ ਨਹੀਂ ਮੰਨਿਆ ਗਿਆ —

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨ ਥੀਐ ਮੇਰੇ ਸਤਿਗੁਰ ਨਾਮ ਦ੍ਰਿੜਾਇ ॥ (**ਪੰਨਾ–੪੦**)

ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥ (**ਪੰਨਾ–੧੯੮**)

ਨਾਮ ਬਿਨਾ ਨਹੀ ਜੀਵਿਆ ਜਾਇ ॥ (**ਪੰਨਾ–੩੬੬**)

ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥ (**ਪੰਨਾ–੪੨੨**)

ਜਲਿ ਜਾਉ ਜੀਵਨੁ ਨਾਮ ਬਿਨਾ ॥ (**ਪੰਨਾ–੧੩੨੨**)

ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥
(**ਪੰਨਾ–੧੪੨੪**)

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥ (**ਪੰਨਾ–੧੪੨੭**)

ਦੂਜੇ ਪਾਸੇ ਗੁਰਬਾਣੀ ਵਿਚ 'ਮਾਣਸ ਜੂਨੀ' ਨੂੰ ਇਉਂ ਵਡਿਆਈ ਦਿਤੀ ਗਈ ਹੈ —

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ (**ਪੰਨਾ–੧੨**)

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮ ਪਾਇਓਇ ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥ (**ਪੰਨਾ–੫੦**)

ਜੀਤਿ ਜਨਮੁ ਇਹ ਰਤਨੁ ਅਮੋਲਕੁ ਸਾਧ ਸੰਗਤਿ ਜਪਿ ਇਕ ਖਿਨਾ ॥
(**ਪੰਨਾ–੨੧੦**)

ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥ (**ਪੰਨਾ–੫੧੫**)

ਸਫਲ ਜਨਮੁ ਹੋਵਤ ਵਡਭਾਗੀ ॥
ਸਾਧ ਸੰਗਿ ਰਾਮਹਿ ਲਿਵ ਲਾਗੀ ॥ (**ਪੰਨਾ–੮੦੫**)

ਵਡੈ ਭਾਗਿ ਇਹੁ ਸਰੀਰੁ ਪਾਇਆ ॥
ਮਾਣਸ ਜਨਮਿ ਸਬਦਿ ਚਿਤੁ ਲਾਇਆ ॥ (**ਪੰਨਾ–੧੦੬੫**)

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥ (**ਪੰਨਾ–੧੧੫੯**)

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥ (**ਪੰਨਾ–੧੩੬੬**)

ਲਖ ਚਉਰਾਸੀਹ ਜੋਨਿ ਵਿਚ ਮਾਣਸ ਜਨਮੁ ਦੁਲੰਭੁ ਉਪਾਇਆ ।
(ਵ.ਭਾ.ਗੁ. **੮/੬**)

ਮਾਣਸ ਜਨਮੁ ਅਮੋਲੁ ਹੈ ਹੋਇ ਅਮੋਲੁ ਸਾਧ ਸੰਗ ਪਾਏ । (ਵ.ਭ.ਗੁ. **੧੫/੧੭**)

ਚਉਰਾਸੀ ਲਖ ਜੂਨਿ ਵਿਚਿ ਉਤਮ ਮਾਣਸ ਜੂਨਿ ਭਲੇਰੇ । (ਵ.ਭ.ਗੁ. **੧੫/੧੯**)

ਲਖ ਚਉਰਾਸੀ ਜੂਨਿ ਫੇਰਿ ਫਿਰਾਇਆ ।
ਮਾਣਸ ਜਨਮੁ ਦੁਲੰਭ ਕਰਮੀ ਪਾਇਆ । (ਵ.ਭ.ਗੁ. **੧੯/੨**)

ਇਹ ਮਾਨਸ ਜਨਮ ਅਮੋਲ ਹੈ ਮਿਲਨੇ ਕੀ ਵੇਲਾ । (ਵ.ਭ.ਗੁ. **੪੧/੧੧**)

ਉਪਰਲੀ ਵਿਚਾਰ ਤ੍ਰੈ-ਗੁਣਾਂ ਦੇ ਮਾਇਕੀ ਮੰਡਲ ਵਿਚ, 'ਹਉਂ-ਧਾਰੀ ਜੀਵਨ' ਦੀ ਵਿਆਖਿਆ ਹੈ ।

ਇਸ ਤੋਂ ਉਤੇ ਆਤਮਿਕ ਮੰਡਲ ਵਿਚ, ਇਨਸਾਨ ਦੇ 'ਆਤਮਿਕ ਜੀਵਨ' ਦੀ 'ਪ੍ਰਿਮ-ਖੇਲ' ਨਿਰਾਲੀ ਤੇ ਹੋਰਵੇਂ ਹੈ ।

ਗੁਰਬਾਣੀ ਵਿਚ ਆਤਮਿਕ ਜੀਵਨ ਨੂੰ ਇਉਂ ਦਰਸਾਇਆ ਹੈ —

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥ (**ਪੰਨਾ–੧੪੨**)

ਨਾਨਕ ਨਾਮੁ ਜਪੈ ਸੋ ਜੀਵੈ ॥ (**ਪੰਨਾ–੨੦੦**)

ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥ (**ਪੰਨਾ–੩੧੯**)

ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥
ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥ (**ਪੰਨਾ–੫੬੨**)

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ ॥ (**ਪੰਨਾ–੬੧੩**)

ਜੀਵਨਾ ਹਰਿ ਜੀਵਨਾ ॥
ਜੀਵਨੁ ਹਰਿ ਜਪਿ ਸਾਧਸੰਗਿ ॥ (**ਪੰਨਾ–੬੮੪**)

ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥ (**ਪੰਨਾ–੧੦੧੯**)

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ ॥
(**ਪੰਨਾ–੧੨੧੪**)

ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥
(**ਪੰਨਾ–੧੪੨੪**)

ਗੁਰਮੁਖਿ ਸਫਲ ਜਨੰਮੁ ਜਗ ਵਿਚਿ ਆਇਆ ।
ਗੁਰਮਤਿ ਪੂਰ ਕਰੰਮੁ ਆਪੁ ਗਵਾਇਆ ।
ਭਾਉ ਭਗਤਿ ਕਰਿ ਕੰਮੁ ਸੁਖ ਫਲ ਪਾਇਆ । (ਵ.ਭਾ.ਗੁ. **੧੯/੧੦**)

ਮਨੁਖੀ 'ਜੀਵਨ' ਦੇ ਇਹਨਾਂ ਦੋਹਾਂ 'ਪੱਖਾਂ' ਦਾ ਇਉਂ ਨਿਰਨਾ ਕੀਤਾ ਜਾ ਸਕਦਾ ਹੈ :—

| ਗੁਰਮੁਖ ਜੀਵਨ | ਮਨਮੁਖ ਜੀਵਨ |
|---|---|
| ਆਤਮਿਕ ਮੰਡਲ | ਮਾਇਕੀ ਮੰਡਲ |
| 'ਤੂੰ–ਤੇਰੀ' ਦੀ ਭਾਵਨਾ | ਮੈਂ ਮੇਰੀ ਦਾ ਬੋਲ–ਬਾਲਾ |
| ਆਤਮ–ਪ੍ਰਾਇਣ | ਮਾਇਆ ਪ੍ਰਾਇਣ |
| ਅਨੁਭਵ ਪ੍ਰਕਾਸ਼ | ਭਰਮ ਭੁਲਾਵਾ |
| 'ਹੁਕਮ ਰਜਾਈ ਚਲਣਾ' | 'ਆਪਣੇ ਭਾਣੇ' ਚਲਣਾ |
| ਪ੍ਰੀਤ–ਡੋਰੀ ਦੀ ਖਿੱਚ | ਮਾਇਆ ਦੀ ਖਿੱਚ |
| ਮੈਤ੍ਰੀ ਭਾਵ | ਵੈਰ–ਵਿਰੋਧ |
| ਪਿਆਰ | ਨਫ਼ਰਤ |

| | |
|---|---|
| ਸ਼ਾਂਤੀ | ਅਸ਼ਾਂਤੀ |
| ‘ਬਹੁਰ ਨ ਮਰਨਾ’ | ਆਵਾਗਵਨ |
| ਜਮਾਂ ਤੋਂ ਆਜ਼ਾਦ | ਜਮਾਂ ਦੇ ਵੱਸ |
| ‘ਤ੍ਰਿਪਤ ਅਘਾਇ’ | ਤ੍ਰਿਸ਼ਨਾ ਦੀ ਅੱਗ |
| ਨਿਰ-ਇੱਛਤ | ਆਸਾ-ਮਨਸਾ |
| ਸ਼ੁਕਰ | ਸ਼ਿਕਾਇਤ |
| ‘ਭਲਾ ਹੀ ਹੈ ਰੇ’ | ਰੋਸ |
| ਪੁੰਨ | ਪਾਪ |
| ਪਰਉਪਕਾਰੀ | ਸਵਾਰਥੀ |
| ‘ਦੇ ਕੇ ਭਲਾ ਮਨਾਈ’ | ‘ਲੈ ਕੇ’ ਭਲਾ ਮਨਾਈ |
| ਕਰਮਾਂ ਤੋਂ ਰਹਿਤ | ਕਰਮ-ਬੱਧ |
| ਸਫਲ | ਬਿਰਥਾ |
| ਇਕੋ-ਇਕ | ਦੂਜਾ-ਭਾਉ |

(ਚਲਦਾ .........)